# 8

# ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ

PJB 008

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।


flew Family Law Education for Women
Women's Right to Know

fodf Femmes ontariennes et droit de la famille
Le droit de savoir

# ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਕੈਨੇਡਾ ਵਿੱਚ ਨਵੀਆਂ ਆਈਆਂ ਔਰਤਾਂ ਨੂੰ ਆਪਣਾ ਰਿਸ਼ਤਾ ਖ਼ਤਮ ਹੋਣ 'ਤੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੋ ਸਕਦਾ ਹੈ ਕਿ ਤੁਸੀ:

- ਇਸ ਬਾਰੇ ਫਿਕਰਮੰਦ ਹੋਵੋ ਕਿ ਕੀ ਤੁਸੀਂ ਕੈਨੇਡਾ ਵਿੱਚ ਰਹਿ ਸਕਦੇ ਹੋ
- ਉਸਨੂੰ ਤੁਹਾਨੂੰ ਸਪੌਂਸਰ ਕੀਤਾ ਸੀ ਅਤੇ ਤੁਸੀਂ ਇਸ ਬਾਰੇ ਫਿਕਰਮੰਦ ਹੋਵੋ ਕਿ ਜੇ ਤੁਸੀਂ ਉਸ ਨੂੰ ਛੱਡ ਦਿੰਦੇ ਹੋ ਤਾਂ ਆਪਣਾ ਗੁਜ਼ਾਰਾ ਕਿਵੇਂ ਚਲਾਉਣਾ ਹੈ
- ਡਰ ਰਹੇ ਹੋਵੋ ਕਿ ਤੁਹਾਡਾ ਸਾਥੀ ਤੁਹਾਡੀ ਆਗਿਆ ਤੋਂ ਬਿਨਾਂ ਹੀ ਬੱਚਿਆਂ ਨੂੰ ਵਾਪਸ ਤੁਹਾਡੇ ਮੂਲ ਦੇਸ਼ ਵਿੱਚ ਲੈ ਜਾਣ ਦੀ ਕੋਸ਼ਿਸ਼ ਕਰੇਗਾ
- ਜੇ ਤੁਹਾਡਾ ਸਾਥੀ ਦੇਸ਼ ਛੱਡ ਕੇ ਚਲਾ ਜਾਂਦਾ ਹੈ ਤਾਂ ਤੁਹਾਨੂੰ ਉਸ ਕੋਲੋਂ ਬਾਲ ਸਹਾਇਤਾ ਦੀ ਰਾਸ਼ੀ ਲੈਣ ਵਿੱਚ ਮੁਸ਼ਕਲ ਪੇਸ਼ ਆ ਸਕਦੀ ਹੈ

ਪਰਿਵਾਰਕ ਕਾਨੂੰਨ ਵਿੱਚ ਤੁਹਾਡੇ ਇਮੀਗ੍ਰੇਸ਼ਨ (ਪ੍ਰਵਾਸ ਸੰਬੰਧੀ) ਰੁਤਬੇ ਦੀ ਕੋਈ ਕਾਨੂੰਨੀ ਅਹਿਮੀਅਤ ਨਹੀਂ ਹੁੰਦੀ। ਤੁਸੀਂ ਬੱਚਾ ਤੁਹਾਡੇ ਹਵਾਲੇ ਕੀਤੇ ਜਾਣ ਜਾਂ ਸਹਾਇਤਾ ਲਈ ਦਰਖਾਸਤ ਦੇ ਸਕਦੇ ਹੋ ਭਾਵੇਂ ਤੁਹਾਡਾ ਇਮੀਗ੍ਰੇਸ਼ਨ ਰੁਤਬਾ ਕੋਈ ਵੀ ਹੋਵੇ।

ਚਾਹੇ ਤੁਹਾਡੇ ਕੋਲ ਵੀ ਪਰਿਵਾਰਕ ਕਾਨੂੰਨ ਦੇ ਉਹੀ ਹੱਕ ਹਨ ਜੋ ਕਿਸੇ ਦੂਸਰੀ ਔਰਤ ਕੋਲ ਹੁੰਦੇ ਹਨ, ਜੇ ਤੁਹਾਡੇ ਕੋਲ ਰੁਤਬਾ ਨਹੀਂ ਹੈ ਅਤੇ ਤੁਸੀਂ ਇਮੀਗਰੇਸ਼ਨ ਅਧਿਕਾਰੀਆਂ ਦੇ ਧਿਆਨ ਵਿੱਚ ਆ ਜਾਂਦੇ ਹੋ, ਤਾਂ ਤੁਹਾਨੂੰ ਵਾਪਸ ਤੁਹਾਡੇ ਮੂਲ ਦੇਸ਼ ਭੇਜਿਆ ਜਾ ਸਕਦਾ ਹੈ। ਕੈਨੇਡਾ ਵਿੱਚ ਰਹਿਣ ਦਾ ਤੁਹਾਡਾ ਹੱਕ ਤੁਹਾਡੇ ਇਮੀਗ੍ਰੇਸ਼ਨ ਰੁਤਬੇ 'ਤੇ ਨਿਰਭਰ ਕਰਦਾ ਹੈ। ਆਪਣੀ ਖ਼ੁਦ ਦੀ ਅਤੇ ਆਪਣੇ ਬੱਚਿਆਂ ਦੀ ਰੱਖਿਆ ਕਰਨ ਲਈ, ਤੁਹਾਨੂੰ ਆਪਣੇ ਹੱਕਾਂ ਬਾਰੇ ਪਤਾ ਹੋਣ ਦੀ ਲੋੜ ਹੁੰਦੀ ਹੈ।

# 1. ਇਮੀਗ੍ਰੇਸ਼ਨ ਸੰਬੰਧੀ ਚਿੰਤਾਵਾਂ

ਜਦੋਂ ਤੁਹਾਡਾ ਰਿਸ਼ਤਾ ਖ਼ਤਮ ਹੁੰਦਾ ਹੈ, ਕੈਨੇਡਾ ਵਿੱਚ ਰਹਿਣ ਦਾ ਤੁਹਾਡਾ ਹੱਕ ਤੁਹਾਡੀ ਇਮੀਗ੍ਰੇਸ਼ਨ ਸਥਿਤੀ 'ਤੇ ਨਿਰਭਰ ਕਰਦਾ ਹੈ।

## ਸਥਾਈ ਵਸਨੀਕ (Permanent Residents)

ਜੇ ਆਪਣਾ ਰਿਸ਼ਤਾ ਖ਼ਤਮ ਹੋਣ ਸਮੇਂ ਤੁਸੀਂ ਇੱਕ **ਸਥਾਈ ਵਸਨੀਕ (permanent resident)** ਜਾਂ **ਪੱਕੇ ਪ੍ਰਵਾਸੀ (landed immigrant)** ਹੋ, ਤਾਂ ਤੁਹਾਡਾ ਰਿਸ਼ਤਾ ਖ਼ਤਮ ਹੋ ਜਾਣ ਤੇ ਵੀ ਤੁਹਾਡੀ ਇਹ ਹੈਸੀਅਤ ਖ਼ਤਮ ਨਹੀਂ ਹੋਵੇਗੀ ਜਾਂ ਤੁਹਾਨੂੰ ਕੈਨੇਡਾ ਵਿੱਚੋਂ ਬਾਹਰ ਨਹੀਂ ਭੇਜਿਆ ਜਾਵੇਗਾ ਭਾਵੇਂ ਤੁਹਾਡੇ ਸਾਥੀ ਨੇ ਹੀ ਤੁਹਾਨੂੰ ਕੈਨੇਡਾ ਆਉਣ ਲਈ ਸਪੋਂਸਰ ਕੀਤਾ ਹੋਵੇ। ਕੋਈ ਸਪੋਂਸਰ 3 ਸਾਲ ਤਕ ਤੁਹਾਡੇ ਲਈ ਮਾਲੀ ਤੌਰ 'ਤੇ ਜ਼ੁੰਮੇਵਾਰ ਹੁੰਦਾ ਹੈ, ਚਾਹੇ ਤੁਸੀਂ ਇਕੱਠੇ ਰਹਿੰਦੇ ਹੋ ਜਾਂ ਨਹੀਂ। ਜੇ ਤੁਹਾਡਾ ਸਾਥੀ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਜਾਂ ਕਰਨੀ ਜਾਰੀ ਨਹੀਂ ਰੱਖੇਗਾ ਤਾਂ ਤੁਸੀਂ ਆਪਣਾ ਗੁਜ਼ਾਰਾ ਚਲਾਉਣ ਲਈ ਵੈਲਫੇਅਰ ਜਾਂ ਸਮਾਜਿਕ ਸਹਾਇਤਾ ਲਈ ਦਰਖਾਸਤ ਦੇ ਸਕਦੇ ਹੋ।

ਜੇ ਤੁਹਾਡੇ ਸਾਥੀ ਨੇ ਕੈਨੇਡਾ ਦੇ ਅੰਦਰੋਂ ਹੀ ਤੁਹਾਨੂੰ ਇੱਕ ਸਥਾਈ ਵਸਨੀਕ ਬਣਾਉਣ ਲਈ ਸਪੋਂਸਰ ਕੀਤਾ ਸੀ ਅਤੇ ਤੁਹਾਡੀ ਅਰਜ਼ੀ ਮਨਜੂਰ ਹੋਣ ਤੋਂ ਪਹਿਲਾਂ ਤੁਹਾਡਾ ਰਿਸ਼ਤਾ ਖ਼ਤਮ ਹੋ ਜਾਂਦਾ ਹੈ ਤਾ ਤੁਸੀਂ **ਮਾਨਵਤਾ ਅਤੇ ਹਮਦਰਦੀ (ਹਿਊਮੈਨਿਟੇਰੀਅਨ ਐਂਡ ਕੰਪੈਸ਼ਨੇਟ** [**ਐਚ ਐਂਡ ਸੀ**]) ਦੇ ਆਧਾਰ 'ਤੇ ਅਰਜ਼ੀ ਦੇ ਕੇ ਕੈਨੇਡਾ ਵਿੱਚ ਰਹਿਣ ਲਈ ਦਰਖਾਸਤ ਦੇ ਸਕਦੇ ਹੋ। ਜੇ ਤੁਹਾਡੇ ਰਿਸ਼ਤੇ ਵਿੱਚ ਬਦਸਲੂਕੀ ਸ਼ਾਮਲ ਸੀ ਤਾਂ ਤੁਹਾਨੂੰ ਇਮੀਗ੍ਰੇਸ਼ਨ ਨੂੰ ਆਪਣੀ ਅਰਜ਼ੀ ਵਿੱਚ ਇਸ ਬਾਰੇ ਦੱਸਣਾ ਚਾਹੀਦਾ ਹੈ। ਤੁਹਾਡੀ ਐਚ ਐਡ ਸੀ ਅਰਜ਼ੀ ਦੇ ਸਫਲ ਹੋਣ ਲਈ ਤੁਹਾਨੂੰ ਇਹ ਜ਼ਰੂਰ ਦਿਖਾਉਣ ਚਾਹੀਦਾ ਹੈ ਕਿ ਤਹਾਡਾ ਕੈਨੇਡਾ ਨਾਲ ਇੱਕ ਮਜ਼ਬੂਤ ਸੰਬੰਧ ਹੈ ਅਤੇ ਤੁਸੀ ਆਪਣਾ ਗੁਜ਼ਾਰਾ ਚਲਾ ਸਕਦੇ ਹੋ। ਉਹਨਾਂ ਔਰਤਾਂ ਦੀ ਅਜਿਹੀ ਅਰਜ਼ੀ ਮਨਜ਼ੂਰ ਹੋਣਾ ਮੁਸ਼ਕਲ ਹੋ ਸਕਦਾ ਹੈ ਜਿਨ੍ਹਾਂ ਨੂੰ ਸਮਾਜਿਕ ਸਹਾਇਤਾ ਮਿਲ ਰਹੀ ਹੈ। ਐਚ ਐਡ ਸੀ ਅਰਜ਼ੀ ਦਾਇਰ ਕਰਨ ਲਈ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਐਚ ਐਡ ਸੀ ਅਰਜ਼ੀ ਦੇਣ ਦਾ ਇਹ ਮਤਲਬ ਨਹੀਂ ਹੁੰਦਾ ਕਿ ਤੁਹਾਨੂੰ ਦੇਸ਼ ਤੋਂ ਕੱਢਿਆ ਨਹੀਂ ਜਾਵੇਗਾ। ਜਦੋਂ ਤੁਸੀ ਆਪਣੀ ਐਚ ਐਡ ਸੀ ਅਰਜ਼ੀ 'ਤੇ ਫ਼ੈਸਲਾ ਹੋਣ ਦੀ ਉਡੀਕ ਕਰ ਰਹੇ ਹੁੰਦੇ ਹੋ, ਤਾਂ ਵੀ ਇਮੀਗ੍ਰੇਸ਼ਨ ਵਾਲੇ ਤੁਹਾਨੂੰ ਹਿਰਾਸਤ ਵਿੱਚ ਲੈ ਸਕਦੇ ਹਨ ਅਤੇ ਦੇਸ਼ ਤੋਂ ਕੱਢ ਸਕਦੇ ਹਨ।

## ਸ਼ਰਨਾਰਥੀ ਅਤੇ ਸੁਰੱਖਿਆ ਦੀ ਲੋੜ ਵਾਲੇ ਵਿਅਕਤੀ

ਤੁਸੀਂ ਕੈਨੇਡਾ ਵਿੱਚ ਇੱਕ ਸ਼ਰਨਾਰਥੀ ਦੇ ਤੌਰ 'ਤੇ ਜਾਂ ਸੁਰੱਖਿਆ ਦੀ ਲੋੜ ਵਾਲੇ ਵਿਅਕਤੀ ਦੇ ਤੌਰ 'ਤੇ ਰਹਿ ਸਕਦੇ ਹੋ। ਜੇ ਪਤਾ ਲੱਗਦਾ ਹੈ ਕਿ ਤੁਸੀਂ ਕੋਈ ਕਨਵੈਨਸ਼ਨ ਸ਼ਰਨਾਰਥੀ ਜਾਂ ਸੁਰੱਖਿਆ ਦੀ ਲੋੜ ਵਾਲੇ ਵਿਅਕਤੀ ਹੋ ਤਾਂ ਤੁਹਾਨੂੰ ਸਿਰਫ ਇਸ ਲਈ ਕੈਨੇਡਾ ਤੋਂ ਕੱਢਿਆ ਨਹੀ ਜਾ ਸਕਦਾ ਕਿਉਂਕਿ ਤੁਹਾਡਾ ਰਿਸ਼ਤਾ ਖ਼ਤਮ ਹੋ ਗਿਆ ਹੈ।

ਜੇ ਤੁਹਾਡਾ ਦਾਅਵਾ ਤੁਹਾਡੇ ਸਾਥੀ ਦੀ ਸਥਿਤੀ 'ਤੇ ਅਧਾਰਤ ਹੈ ਅਤੇ ਤੁਹਾਡੀ ਸ਼ਰਨਾਰਥੀ ਸੁਣਵਾਈ ਤੋਂ ਪਹਿਲਾਂ ਤੁਹਾਡਾ ਰਿਸ਼ਤਾ ਖ਼ਤਮ ਹੋ ਜਾਂਦਾ ਹੈ ਤਾਂ ਤੁਸੀਂ ਆਪਣੇ ਦਾਅਵੇ ਨੂੰ ਉਸ ਦੇ ਦਾਅਵੇ ਨਾਲੋਂ ਵੱਖ ਕਰ ਸਕਦੇ ਹੋ। ਜੇ ਤੁਹਾਡੇ ਸਾਥੀ ਨੇ ਤੁਹਾਡੇ ਨਾਲ ਬਦਸਲੂਕੀ ਕੀਤੀ ਸੀ ਤਾਂ ਤੁਸੀਂ ਆਪਣੇ ਦਾਅਵੇ ਵਿੱਚ ਬਦਸਲੂਕੀ ਬਾਰੇ ਜਾਣਕਾਰੀ ਜੋੜ ਸਕਦੇ ਹੋ ਅਤੇ ਉਸ ਆਧਾਰ 'ਤੇ ਸੁਰੱਖਿਆ ਦੀ ਮੰਗ ਕਰ ਸਕਦੇ ਹੋ। ਸਫਲ ਹੋਣ ਲਈ, ਤੁਹਾਡੇ ਲਈ ਇਹ ਦਿਖਾਉਣਾ ਲਾਜ਼ਮੀ ਹੋਵੇਗਾ ਕਿ ਤੁਹਾਨੂੰ ਆਪਣੇ ਦੇਸ਼ ਵਿੱਚ ਖ਼ਤਰਾ ਹੈ ਅਤੇ ਸਰਕਾਰ ਬਦਸਲੂਕੀ ਤੋਂ ਤੁਹਾਡੀ ਸੁਰੱਖਿਆ ਕਰ ਸਕਦੀ ਜਾਂ ਨਹੀਂ ਕਰੇਗੀ।

ਜੇ ਤੁਹਾਡਾ ਸਰਨਾਰਥੀ ਕਲੇਮ ਅਸਫਲ ਹੋ ਜਾਂਦਾ ਹੈ ਤਾਂ ਤੁਸੀ ਐਚ ਐਂਡ ਸੀ ਅਰਜ਼ੀ ਕਰ ਸਕਦੇ ਹੋ (ਵੇਰਵਾ ਉੱਪਰ ਦੇਖੋ)। ਤਸੀ ਦੇਸ਼ ਵਿੱਚੋਂ ਕੱਢੇ ਜਾਣ ਤੋਂ **ਪਹਿਲਾਂ ਜ਼ੋਖਿਮ ਮੁਲਾਂਕਣ (ਪ੍ਰੀ-ਰਿਮੂਲ ਰਿਸਕ ਅਸੈਸਮੈਂਟ – PRRA)** ਲਈ ਵੀ ਅਰਜ਼ੀ ਦੇ ਸਕਦੇ ਹੋ। ਇਸ ਪ੍ਰਕਿਰਿਆ ਮੁਤਾਬਕ ਇਮੀਗ੍ਰੇਸ਼ਨ ਨੂੰ ਉਨਾਂ ਖ਼ਤਰਿਆਂ ਦਾ ਜਾਇਜ਼ਾ ਲੈਣਾ ਪਵੇਗਾ ਜੋ ਤੁਹਾਨੂੰ ਦੇਸ਼ ਵਾਪਸ ਭੇਜੇ ਜਾਣ 'ਤੇ ਪੇਸ਼ ਆ ਸਕਦੇ ਹਨ।

### ਕੋਈ ਕਾਨੂੰਨੀ ਰੁਤਬਾ ਨਹੀ

ਹੋ ਸਕਦਾ ਹੈ ਤੁਸੀ ਬਿਨਾਂ ਕਿਸੇ ਕਾਨੂੰਨੀ ਰੁਤਬੇ ਦੇ ਇੱਥੇ ਰਹਿ ਰਹੇ ਹੋਵੋ। ਅਜਿਹਾ ਇਸ ਲਈ ਹੋ ਸਕਦਾ ਹੈ ਕਿਉਕਿ ਇੱਕ ਸੈਲਾਨੀ ਜਾਂ ਵਿਦਿਆਰਥੀ ਵਜੋ ਤੁਹਾਡੇ ਰੁਤਬੇ ਦੀ ਮਿਆਦ ਪੁੱਗ ਚੁੱਕੀ ਹੈ ਜਾਂ ਕਿਉਕਿ ਤੁਸੀ ਗੈਰ ਕਾਨੂੰਨੀ ਢੰਗ ਨਾਲ ਦੇਸ਼ ਵਿੱਚ ਦਾਖ਼ਲ ਹੋਏ ਸੀ। ਤੁਹਾਨੂੰ ਐਚ ਐਡ ਸੀ ਅਰਜ਼ੀ ਦਾਖ਼ਲ ਕਰਨ ਬਾਰੇ ਜਿੰਨੀ ਜਲਦੀ ਹੋ ਸਕੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਤੁਹਾਡੇ ਹਾਲਾਤਾਂ ‘ਤੇ ਨਿਰਭਰ ਕਰਦੇ ਹੋਏ ਤੁਹਾਡੇ ਲਈ ਦੂਸਰੇ ਇਮੀਗ੍ਰੇਸ਼ਨ ਦਾਅਵੇ ਵੀ ਉਪਲਬਧ ਹੋ ਸਕਦੇ ਹਨ। ਭਾਵੇਂ ਤੁਹਾਡੇ ਕੋਲ ਵੀ ਪਰਿਵਾਰਕ ਕਾਨੂੰਨ ਉਹੀ ਹੱਕ ਹੁੰਦੇ ਹਨ ਜੋ ਕਿਸੇ ਦੂਸਰੀ ਔਰਤ ਕੋਲ ਹੁੰਦੇ ਹਨ, ਇਮੀਗ੍ਰੇਸ਼ਨ ਅਧਿਕਾਰੀਆਂ ਦੇ ਧਿਆਨ ਵਿੱਚ ਆਉਣ ‘ਤੇ ਤੁਹਾਨੂੰ ਦੇਸ਼ ਵਿੱਚੋਂ ਕੱਢਿਆ ਜਾ ਸਕਦਾ ਹੈ।

## 2. ਔਰਤਾਂ ਨਾਲ ਬਦਸਲੂਕੀ

ਜੇ ਤੁਹਾਡੇ ਨਾਲ ਬਦਸਲੂਕੀ ਹੋਈ ਹੈ ਤਾਂ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਤੁਹਾਡੀ ਇਮੀਗ੍ਰੇਸ਼ਨ ਅਰਜ਼ੀ ‘ਤੇ ਕੰਮ ਕਰਦੇ ਸਮੇਂ ਇਸ ਗੱਲ ‘ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ।

ਕੈਨੇਡਾ ਵਿੱਚ ਔਰਤਾਂ ਨਾਲ ਬਦਸਲੂਕੀ ਕਾਨੂੰਨ ਦੇ ਵਿਰੁੱਧ ਹੈ। ਜੇ ਪੁਲਿਸ ਨੂੰ ਵਿਸ਼ਵਾਸ ਹੋਵੇ ਕਿ ਤੁਹਾਡੇ ਸਾਥੀ ਨੇ ਤੁਹਾਡੇ ‘ਤੇ ਹਮਲਾ ਕੀਤਾ ਹੈ, ਤਾਂ ਉਹ ਉਸ ਦੇ ਵਿਰੁੱਧ ਇੱਕ ਫੌਜਦਾਰੀ ਅਪਰਾਧ ਦਾ ਦੋਸ਼ ਲਗਾਉਣਗੇ। ਉਹ ਤਾਂ ਵੀ ਦੋਸ਼ ਲਗਾਉਣਗੇ ਭਾਵੇਂ ਕਿ ਤੁਸੀ ਨਾ ਚਾਹੁੰਦੇ ਹੋਵੋ ਕਿ ਉਹ ਅਜਿਹਾ ਕਰਨ। ਜੇ ਪੁਲਿਸ ਨੂੰ ਵਿਸ਼ਵਾਸ ਹੋਵੇ ਕਿ ਤੁਸੀ ਵੀ ਆਪਣੇ ਸਾਥੀ ‘ਤੇ ਹਮਲਾ ਕੀਤਾ ਹੈ ਤਾਂ ਤੁਹਾਡੇ ‘ਤੇ ਵੀ ਦੋਸ਼ ਲਗਾਇਆ ਜਾ ਸਕਦਾ ਹੈ।

ਕੋਈ ਅਪਰਾਧਿਕ ਦੋਸ਼ ਸਿੱਧ ਹੋਣਾ ਤੁਹਾਡੇ ਸਾਥੀ ਦੇ ਰੁਤਬਾ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸਦੇ ਨਤੀਜੇ ਵਜੋਂ ਉਸ ਨੂੰ ਦੇਸ਼ ਤੋਂ ਕੱਢਿਆ ਜਾ ਸਕਦਾ ਹੈ। ਜੇ ਤੁਹਾਡੇ ‘ਤੇ ਦੋਸ਼ ਨਹੀ ਲਗਾਏ ਜਾਂਦੇ ਹਨ ਤਾਂ ਵੀ ਪੁਲਿਸ, ਕ੍ਰਾਊਨ ਜਾਂ ਦੂਸਰੀ ਅਦਾਲਤ ਦੇ ਅਧਿਕਾਰੀ ਇਹ ਪਤਾ ਲਗਾ ਸਕਦੇ ਹਨ ਕਿ ਤੁਹਾਡੇ ਕੋਲ ਰੁਤਬਾ ਨਹੀ ਹੈ ਅਤੇ ਉਹ ਇਮੀਗ੍ਰੇਸ਼ਨ ਨੂੰ ਦੱਸ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਦੇਸ਼ ਤੋਂ ਕੱਢਿਆ ਜਾ ਸਕਦਾ ਹੈ। ਜੇ ਤੁਹਾਡੇ ਖਿਲਾਫ ਕੋਈ ਫੌਜਦਾਰੀ ਦੋਸ਼ ਲੱਗੇ ਹਨ ਤਾਂ ਤੁਰੰਤ ਕਿਸੇ ਇਮੀਗ੍ਰੇਸ਼ਨ ਵਕੀਲ ਤੋਂ ਕਾਨੂੰਨੀ ਸਲਾਹ ਲਓ।

# 3. ਪਰਿਵਾਰਕ ਕਾਨੂੰਨ ਸੰਬੰਧੀ ਚਿੰਤਾਵਾਂ

ਪਰਿਵਾਰਕ ਕਾਨੂੰਨ ਤਹਿਤ ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਦੇ ਵੀ ਉਹੀ ਹੱਕ ਅਤੇ ਜ਼ੁੰਮੇਵਾਰੀਆਂ ਹੁੰਦੇ ਹਨ ਜੋ ਕਿ ਕੈਨੇਡਾ ਵਿੱਚ ਪੈਦਾ ਹੋਈਆਂ ਔਰਤਾਂ ਦੇ ਹੁੰਦੇ ਹਨ। ਤੁਸੀ ਬੱਚਿਆਂ ਦੇ ਕਬਜ਼ੇ, ਬਚਿਆਂ ਨੂੰ ਮਿਲਣ ਦੇ ਹੱਕ, ਬਾਲ ਅਤੇ ਪਤੀ/ਪਤਨੀ ਨੂੰ ਮਿਲਣ ਵਾਲੀ ਸਹਾਇਤਾ ਲਈ ਦਾਅਵਾ ਕਰ ਸਕਦੇ ਹੋ। ਵੱਖ ਹੋਣ 'ਤੇ ਤੁਸੀ ਅਦਾਲਤ ਨੂੰ ਤੁਹਾਡੇ ਪਰਿਵਾਰ ਦੀ ਜਾਇਦਾਦ ਵਿੱਚੋਂ ਤੁਹਾਨੂੰ ਇੱਕ ਹਿੱਸਾ ਦੇਣ ਦੀ ਬੇਨਤੀ ਕਰ ਸਕਦੇ ਹੋ।

ਜੇ ਤੁਸੀ ਅਤੇ ਤੁਹਾਡਾ ਸਾਥੀ ਕਿਸੇ ਦੂਸਰੇ ਦੇਸ਼ ਤੋਂ ਕੈਨੇਡਾ ਆਏ ਸੀ ਤਾਂ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ ਵਧੇਰੇ ਜਟਿਲ ਹੋ ਸਕਦੇ ਹਨ, ਖਾਸਕਰ ਜੇ ਤੁਸੀ ਜਾਂ ਤੁਹਾਡਾ ਸਾਥੀ ਘਰ ਬਦਲਨ ਦਾ ਫ਼ੈਸਲਾ ਕਰਦੇ ਹੋ। ਇਹ ਕੁਝ ਆਮ ਮਸਲੇ ਹਨ ਜੋ ਪੈਦਾ ਹੋ ਸਕਦੇ ਹਨ:

## a) ਬੱਚਿਆਂ ਨੂੰ ਨਾਲ ਲੈ ਕੇ ਰਹਿਣ ਦੀ ਜਗ੍ਹਾ ਬਦਲਣੀ

ਇੱਕ ਦਿੱਕਤ ਭਰਿਆ ਮਸਲਾ ਜੋ ਅਕਸਰ ਪੈਦਾ ਹੁੰਦਾ ਹੈ ਜਦੋਂ ਮਾਪੇ ਇੱਕਠੇ ਨਹੀ ਰਹਿੰਦੇ, ਇਹ ਹੁੰਦਾ ਹੈ ਕਿ ਕੀ ਉਹ ਮਾਤਾ/ਪਿਤਾ, ਜਿਸ ਕੋਲ ਬੱਚੇ ਰਹਿੰਦੇ ਹਨ, ਬੱਚਿਆਂ ਨੂੰ ਸ਼ਹਿਰ ਤੋਂ ਬਾਹਰ, ਜਾਂ ਕੁੱਝ ਮਾਮਲਿਆਂ ਵਿੱਚ, ਇੱਥੋਂ ਤੱਕ ਕਿ ਸੂਬੇ ਜਾਂ ਦੇਸ਼ ਤੋਂ ਬਾਹਰ ਲਿਜਾ ਸਕਦਾ ਹੈ। ਹੋ ਸਕਦਾ ਹੈ ਤੁਸੀ ਸਹਾਰੇ ਲਈ ਜਾਂ ਨੌਕਰੀ ਦੇ ਕਿਸੇ ਅਵਸਰ ਲਈ ਦੂਸਰੇ ਪਰਿਵਾਰਕ ਮੈਂਬਰਾਂ ਦੇ ਵਧੇਰੇ ਨਜ਼ਦੀਕ ਹੋਣ ਲਈ ਆਪਣੀ ਰਹਿਣ ਦੀ ਜਗ੍ਹਾ ਬਦਲਣੀ ਚਾਹੋ। ਤੁਹਾਡੇ ਰੁਤਬੇ 'ਤੇ ਨਿਰਭਰ ਕਰਦੇ ਹੋਏ, ਤੁਹਾਨੂੰ ਕੈਨੇਡਾ ਛੱਡਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਰਹਿਣ ਦੀ ਜਗ੍ਹਾ ਦੀ ਕੋਈ ਅਜਿਹੀ ਬਦਲੀ ਦੇ ਕਾਰਨ ਤੁਹਾਡੇ ਬੱਚੇ ਦੇ ਦੂਜੇ ਮਾਤਾ/ਪਿਤਾ ਲਈ ਆਪਣੇ ਬੱਚਿਆਂ ਨੂੰ ਇੱਕ ਨਿਯਮਿਤ ਆਧਾਰ 'ਤੇ ਮਿਲਣਾ ਮੁਸ਼ਕਲ ਬਣ ਸਕਦਾ ਹੈ। ਬਦਲੀ ਗਈ ਜਗ੍ਹਾ ਦੀ ਦੂਰੀ 'ਤੇ ਨਿਰਭਰ ਕਰਦੇ ਹੋਏ ਖ਼ਰਚਾ ਵੀ ਇੱਕ ਮੁੱਦਾ ਬਣ ਸਕਦਾ ਹੈ।

ਬੱਚਿਆਂ ਦੇ ਸੰਬੰਧ ਵਿੱਚ ਲਏ ਜਾਣ ਵਾਲੇ ਸਾਰੇ ਫੈਸਲਿਆਂ ਦੀ ਤਰ੍ਹਾਂ, ਉਹ ਟੈਸਟ ਜਿਸਦਾ ਇਸਤੇਮਾਲ ਅਦਾਲਤ ਇਹ ਫ਼ੈਸਲਾ ਕਰਨ ਲਈ ਕਰੇਗੀ ਕਿ ਰਹਿਣ ਦੀ ਜਗ੍ਹਾ ਬਦਲਣ ਦੀ ਇਜ਼ਾਜ਼ਤ ਦਿੱਤੀ ਜਾਵੇ ਜਾਂ ਨਾ **ਬੱਚਿਆਂ ਦੇ ਸਭ ਤੋਂ ਵਧੀਆ ਹਿੱਤ ਹੀ ਹੋਵੇਗਾ।** ਜੇ ਤੁਹਾਨੂੰ, ਆਪਣੇ ਬੱਚਿਆਂ ਨੂੰ ਨਾਲ ਲੈ ਕੇ ਰਹਿਣ ਦੀ ਜਗ੍ਹਾ ਬਦਲਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਅਦਾਲਤ ਬੱਚਿਆਂ ਨਾਲ ਮੁਲਾਕਾਤ ਦੇ ਇੰਤਜ਼ਾਮ ਬਦਲ ਸਕਦੀ ਹੋ ਤਾਂ ਜੋ ਮਿਲਣ ਵਾਲੇ ਮਾਤਾ/ਪਿਤਾ ਨੂੰ ਵਧੇਰੇ ਲੰਬੀਆਂ ਮੁਲਾਕਾਤਾਂ ਕਰਨ ਲਈ ਸਮਾਂ ਮਿਲ ਸਕੇ, ਜਾਂ ਫਿਰ ਇਹ ਬਾਲ ਸਹਾਇਤਾ ਦੇ ਰੂਪ ਵਿੱਚ ਤੁਹਾਨੂੰ ਮਿਲਣ ਵਾਲੀ ਧਨਰਾਸ਼ੀ ਨੂੰ ਘਟਾ ਸਕਦੀ ਹੈ ਕਿਉਕਿ ਦੂਸਰੇ ਮਾਤਾ/ਪਿਤਾ ਨੂੰ ਬੱਚੇ ਤੱਕ ਪਹੁੰਚਣ ਨਾਲ ਜੁੜੀ ਯਾਤਰਾ ਦੇ ਮਹਿੰਗੇ ਖਰਚੇ ਕਰਨੇ ਪੈ ਰਹੇ ਹਨ।

## b) ਬੱਚਿਆਂ ਨਾਲ ਸਫਰ ਕਰਨਾ

ਜ਼ਿਅਦਾਤਰ ਮਾਮਲਿਆਂ ਵਿੱਚ, ਇੱਕ ਮਾਤਾ/ਪਿਤਾ, ਦੂਸਰੇ ਮਾਪੇ ਦੀ ਆਗਿਆ ਤੋਂ ਬਿਨਾਂ ਬੱਚੇ ਨੂੰ ਕੈਨੇਡਾ ਤੋਂ ਬਾਹਰ ਨਹੀ ਲਿਜਾ ਸਕਦਾ। ਜੇ ਤੁਸੀਂ ਆਪਣੇ ਬੱਚਿਆਂ ਨਾਲ ਸਫਰ ਕਰਦੇ ਹੋ, ਤਾਂ ਤੁਹਾਡੇ ਕੋਲ ਬੱਚਾ ਤੁਹਾਡੇ ਹਵਾਲੇ ਕੀਤੇ ਜਾਣ ਦੇ ਹੁਕਮ ਅਤੇ ਦੂਸਰੇ ਮਾਤਾ/ਪਿਤਾ ਵਲੋਂ ਬੱਚਿਆਂ ਨੂੰ ਕੈਨੇਡਾ ਤੋਂ ਬਾਹਰ ਲਿਜਾਣ ਦੀ ਆਗਿਆ ਦੇਣ ਵਾਲਾ ਇੱਕ ਪੱਤਰ ਹੋਣਾ ਚਾਹੀਦਾ ਹੈ। ਪੱਤਰ ਕਿਸੇ ਵਕੀਲ ਦੁਆਰਾ ਤਸਦੀਕ ਕੀਤਾ ਗਿਆ ਹੋਣਾ ਚਾਹੀਦਾ ਹੈ। ਜਦੋਂ ਤੁਸੀ ਸਰਹੱਦ ਪਾਰ ਕਰਦੇ ਹੋ, ਤਾਂ ਤੁਹਾਨੂੰ ਆਸ ਕਰਨੀ ਚਾਹੀਦੀ ਹੈ ਕਿ ਸਰਹੱਦ ‘ਤੇ ਮੌਜੂਦ ਗਾਰਡ ਤੁਹਾਨੂੰ ਇਹ ਸਾਬਿਤ ਕਰਨ ਨੂੰ ਕਹਿਣਗੇ ਕਿ ਬੱਚਿਆਂ ਦੇ ਦੂਜੇ ਮਾਤਾ/ਪਿਤਾ ਨੂੰ ਦੌਰੇ ਦੀ ਜਾਣਕਾਰੀ ਹੈ ਅਤੇ ਉਸ ਨੇ ਉਹਨਾਂ ਨੂੰ ਦੇਸ਼ ਤੋਂ ਬਾਹਰ ਲਿਜਾਣ ‘ਤੇ ਆਪਣੀ ਸਹਿਮਤੀ ਦਿੱਤੀ ਹੈ।

## c) ਬੱਚੇ ਦਾ ਅਗਵਾ ਹੋਣਾ

ਕਈ ਵਾਰੀ, ਇੱਕ ਮਾਤਾ/ਪਿਤਾ, ਦੂਸਰੇ ਮਾਪੇ ਦੀ ਆਗਿਆ ਤੋਂ ਬਿਨਾਂ ਹੀ ਬੱਚਿਆਂ ਨੂੰ ਕੈਨੇਡਾ ਤੋਂ ਬਾਹਰ ਲੈ ਜਾਂਦਾ ਹੈ। ਇਹ ਬਹੁਤ ਗੰਭੀਰ ਗੱਲ ਹੈ, ਕਿਉਂਕਿ ਇੱਕ ਵਾਰੀ ਕੈਨੇਡਾ ਤੋਂ ਬਾਹਰ ਚਲੇ ਜਾਣ 'ਤੇ ਬੱਚਿਆਂ ਨੂੰ ਵਾਪਸ ਲਿਆਉਣਾ ਮੁਸ਼ਕਲ ਹੋ ਸਕਦਾ ਹੈ। ਇਸ ਨੂੰ **ਬੱਚੇ ਨੂੰ ਅਗਵਾ ਕਰਨਾ** ਕਿਹਾ ਜਾਂਦਾ ਹੈ। ਬੱਚੇ ਨੂੰ ਅਗਵਾ ਕਰਨਾ ਕੈਨੇਡਾ ਵਿੱਚ ਇੱਕ ਗੰਭੀਰ ਅਪਰਾਧ ਹੈ।

ਇਸ ਗੱਲ ਨੂੰ ਪੂਰੀ ਤਰ੍ਹਾਂ ਨਾਲ ਯਕੀਨੀ ਬਣਾਉਣ ਦਾ ਕੋਈ ਤਰੀਕਾ ਨਹੀਂ ਹੈ ਕਿ ਤੁਹਾਡੇ ਬੱਚੇ ਕਦੇ ਵੀ ਗੈਰ ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਬਾਹਰ ਨਾ ਜਾਣ, ਪਰ ਕੁੱਝ ਕੰਮ ਹਨ ਜੋ ਤੁਸੀ ਆਪਣੇ ਬੱਚੇ ਦੀ ਸੁਰੱਖਿਆ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ। ਯਕੀਨੀ ਬਣਾਓ ਕਿ ਬੱਚੇ ਦੀ ਹਿਰਾਸਤ ਦਾ ਹੁਕਮ ਜਾਂ ਇਕਰਾਰਨਾਮਾ

- ਜਿੰਨਾ ਜ਼ਿਆਦਾ ਹੋ ਸਕੇ, ਸਪਸ਼ਟ ਅਤੇ ਵਿਸਥਾਰ ਵਿੱਚ ਹੋਵੇ
- ਇਸ ਵਿੱਚ ਖ਼ਾਸ ਤੌਰ 'ਤੇ ਕਿਹਾ ਗਿਆ ਹੋਵੇ ਕਿ ਬੱਚੇ ਕੈਨੇਡਾ ਤੋਂ ਬਾਹਰ ਦਾ ਸਫਰ ਨਹੀ ਕਰ ਸਕਦੇ।

ਹੁਕਮ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਤੁਹਾਨੂੰ ਜਾਂ ਅਦਾਲਤ ਨੂੰ ਬੱਚਿਆਂ ਦੇ ਜਾਂ ਮਿਲਣ ਦਾ ਹੱਕ ਰੱਖਣ ਵਾਲੇ ਮਾਤਾ/ਪਿਤਾ ਦੇ ਪਾਸਪੋਰਟ ਆਪਣੇ ਕੋਲ ਰੱਖ ਲੈਣ ਚਾਹੀਦੇ ਹਨ।

ਮੁੱਖ ਕਾਨੂੰਨ ਜੋ ਤੁਹਾਡੇ ਬੱਚੇ ਵਾਪਸ ਲੈਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ, *ਹੇਗ ਕਨਵੈਨਸ਼ਨ ਆਨ ਸਿਵਿਲ ਐਸਪੈਕਟਸ ਆਫ਼ ਇੰਟਰਨੈਸ਼ਨਲ ਚਾਇਲਡ ਐਬਡਕਸ਼ਨ (Hague Convention on the Civil Aspects of International Child Abduction)* ਹੈ। ਇਹ ਇਕ ਅੰਤਰ-ਰਾਸ਼ਟਰੀ ਸੰਧੀ ਹੈ ਜਿਸ 'ਤੇ 75 ਦੇਸ਼ਾਂ ਨੇ ਦਸਤਖਤ ਕੀਤੇ ਹਨ। ਸੰਧੀ 'ਤੇ ਦਸਤਖਤ ਕਰਨ ਵਾਲੇ ਦੇਸ਼ ਇਸ ਗੱਲ 'ਤੇ ਸਹਿਮਤ ਹਨ ਕਿ ਉਹ ਉਹਨਾਂ ਬੱਚਿਆਂ ਨੂੰ ਲੱਭਣ ਅਤੇ ਵਾਪਸ ਕਰਨ ਲਈ ਇੱਕ ਦੂਸਰੇ ਨਾਲ ਰਲ-ਮਿਲ ਕੇ ਕੰਮ ਕਰਨਗੇ ਜਿਨ੍ਹਾਂ ਨੂੰ ਗੈਰ ਕਾਨੂੰਨੀ ਤੌਰ 'ਤੇ ਇੱਕ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਲਿਜਾਇਆ ਗਿਆ ਹੋਵੇ।

ਜੇ ਤੁਹਾਡੇ ਬੱਚੇ ਨੂੰ ਕਿਸੇ ਅਜਿਹੇ ਦੇਸ਼ ਵਿੱਚ ਲਿਜਾਇਆ ਜਾਂਦਾ ਹੈ, ਜਿਸਨੇ ਕਨਵੈਨਸ਼ਨ 'ਤੇ ਦਸਤਖਤ ਨਹੀਂ ਕੀਤੇ ਤਾਂ ਤੁਹਾਡੇ ਬੱਚੇ ਨੂੰ ਕੈਨੇਡਾ ਵਾਪਸ ਲਿਆਉਣਾ ਜ਼ਿਆਦਾ ਮੁਸ਼ਕਲ ਹੋਵੇਗਾ। ਜੇ ਅਜਿਹਾ ਹੁੰਦਾ ਹੈ ਤਾਂ ਤੁਸੀ ਉਸ ਦੇਸ਼, ਜਿੱਥੇ ਤੁਹਾਡੇ ਬੱਚੇ ਨੂੰ ਲਿਜਾਇਆ ਗਿਆ ਸੀ, ਦੇ ਕਾਨੂੰਨਾਂ ਦਾ ਇਸਤੇਮਾਲ ਕਰਦੇ ਹੋਏ ਬੱਚੇ ਦੇ ਕਬਜ਼ੇ ਲਈ ਲੜ ਸਕਦੇ ਹੋ। ਤੁਸੀਂ ਅਗਵਾ ਕਰਨ ਵਾਲੇ ਵਿਅਕਤੀ ਅਤੇ ਉਸ ਦੇ ਪਰਿਵਾਰ ਨਾਲ ਸੌਦੇਬਾਜ਼ੀ ਕਰਨ ਦੀ ਕੋਸ਼ਿਸ਼ ਵੀ ਕਰ ਸਕਦੇ ਹੋ।

## d) ਓਟਾਰੀਓ ਤੋਂ ਬਾਹਰ ਰਹਿਣ ਵਾਲੇ ਕਿਸੇ ਵਿਅਕਤੀ ਕੋਲੋਂ ਸਹਾਇਤਾ ਪ੍ਰਾਪਤ ਕਰਨੀ

ਓਟਾਰੀਓ ਅੰਦਰ ਬਾਲ ਅਤੇ ਪਤੀ/ਪਤਨੀ ਦੀ ਸਹਾਇਤਾ ਦੇ ਹੁਕਮ ਸੂਬਾਈ ਸਰਕਾਰ ਦੀ ਇੱਕ ਏਜੰਸੀ ਦੁਆਰਾ ਲਾਗੂ ਕੀਤੇ ਜਾਂਦੇ ਹਨ ਜਿਸਨੂੰ **ਫੈਮਿਲੀ ਰਿਸਪਾਨਸਿਬਿਲਟੀ ਆਫਿਸ (FRO)** ਕਿਹਾ ਜਾਂਦਾ ਹੈ। ਜੇ ਭੁਗਤਾਨਕਰਤਾ (ਉਹ ਵਿਅਕਤੀ ਜੋ ਬਾਲ ਸਹਾਇਤਾ ਰਾਸ਼ੀ ਦਾ ਭੁਗਤਾਨ ਕਰਦਾ ਹੈ) ਕੈਨੇਡਾ ਜਾਂ ਸੰਯੁਕਤ ਰਾਜ ਵਿੱਚ ਕਿਸੇ ਸਥਾਨ 'ਤੇ ਅਤੇ ਕੁਝ ਦੂਸਰੇ ਦੇਸ਼ਾਂ ਵਿੱਚ ਰਹਿੰਦਾ ਹੈ, ਤਾਂ FRO ਸਹਾਇਤਾ ਰਾਸ਼ੀ ਇਕੱਠੀ ਕਰੇਗਾ। ਅਜਿਹਾ ਇਸ ਲਈ ਕਿਉਂਕਿ ਕੈਨੇਡਾ ਦੇ ਸਾਰੇ ਸੂਬਿਆਂ, ਸੰਯੁਕਤ ਰਾਜ ਅਤੇ ਕੁਝ ਦੂਸਰੇ ਦੇਸ਼ਾਂ ਨੇ ਅਜਿਹੇ ਸਮਝੌਤਿਆਂ 'ਤੇ ਦਸਤਖਤ ਕੀਤੇ ਹੋਏ ਹਨ, ਜੋ ਕਿ FRO ਨੂੰ ਸਰਹੱਦਾਂ ਤੋਂ ਪਾਰ ਹੁਕਮਾਂ ਵਿੱਚ ਦੱਸੀ ਸਹਾਇਤਾ ਰਾਸ਼ੀ ਹਾਸਲ ਕਰਨ ਦੇ ਹੱਕਦਾਰ ਬਣਾਉਂਦੇ ਹਨ।

ਜੇ ਭੁਗਤਾਨਕਰਤਾ ਕਿਸੇ ਅਜਿਹੇ ਦੇਸ਼ ਵਿੱਚ ਰਹਿੰਦਾ ਹੈ ਜਿਸ ਨੇ ਅਜਿਹੇ ਕਿਸੇ ਸਮਝੌਤੇ 'ਤੇ ਦਸਤਖਤ ਨਹੀਂ ਕੀਤੇ ਹਨ ਤਾਂ FRO ਸਹਾਇਤਾ ਹੁਕਮ ਨੂੰ ਲਾਗੂ ਕਰਨ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦਾ। ਇੱਕੋ-ਇੱਕ ਢੰਗ ਜਿਸ ਨਾਲ ਤੁਸੀਂ ਸਹਾਇਤਾ ਇੱਕਠੀ ਕਰ ਸਕਦੇ ਹੋ, ਉਹ ਹੈ ਉਸ ਦੇਸ਼ ਦੇ ਕਾਨੂੰਨ ਦਾ ਇਸਤੇਮਾਲ ਕੀਤਾ ਜਾਵੇ ਜਿੱਥੇ ਭੁਗਤਾਨਕਰਤਾ ਰਹਿੰਦਾ ਹੋਵੇ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. **ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)**
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।